# India-European Union Summit

July 09, 2020

## ਭਾਰਤ-ਯੂਰੋਪੀਅਨ ਸੰਘ ਸ਼ਿਖਰ ਸੰਮੇਲਨ

9 ਜੁਲਾਈ, 2020

ਭਾਰਤ-ਯੂਰੋਪੀਅਨ ਸੰਘ ਸ਼ਿਖਰ ਸੰਮੇਲਨ ਦੀ 15ਵੀਂ ਬੈਠਕ 15 ਜੁਲਾਈ 2020 ਨੂੰ ਵਰਚੁਅਲ ਮਾਧਿਅਮ ਰਾਹੀਂ ਹੋਵੇਗੀ। ਇਸ ਸ਼ਿਖਰ ਸੰਮੇਲਨ ਦੀ ਸਹਿ-ਪ੍ਰਧਾਨਗੀ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਯੂਰੋਪੀਅਨ ਪਰਿਸ਼ਦ ਦੇ ਪ੍ਰਧਾਨ ਮਹਾਮਹਿਮ ਚਾਰਲਸ ਮਿਸ਼ੇਲ ਅਤੇ ਯੂਰੋਪੀਅਨ ਕਮੀਸ਼ਨ ਦੇ ਪ੍ਰਧਾਨ ਮਹਮਹਿਮ ਉਰਸੁਲਾ ਵਾਨ ਡੇਰ ਲੀਅਨ ਵੱਲੋਂ ਕੀਤੀ ਜਾਵੇਗੀ। ਇਸ ਸ਼ਿਖਰ ਸੰਮੇਲਨ ਦੌਰਾਨ ਰਾਜਨੀਤਕ ਅਤੇ ਸੁਰੱਖਿਆ ਸੰਬੰਧਾਂ, ਵਪਾਰ ਅਤੇ ਨਿਵੇਸ਼ ਅਤੇ ਆਰਥਿਕ ਸਹਿਯੋਗ ਦੇ ਪਿਛੋਕੜ 'ਚ ਭਾਰਤ-ਯੂਰੋਪੀਅਨ ਸੰਘ ਸਹਿਯੋਗ ਦਾ ਜਾਇਜ਼ਾ ਲਿਆ ਜਾਵੇਗਾ। ਇਸ ਤੋਂ ਛੁੱਟ ਇਸ ਸ਼ਿਖਰ ਸੰਮੇਲਨ ਦੌਰਾਨ ਕੋਵਿਡ -19 ਮਹਾਂਮਾਰੀ ਬਾਰੇ ਹੋਏ ਘਟਨਾਕ੍ਰਮ ਅਤੇ ਦੋਨਾਂ ਪੱਖਾਂ ਦੇ ਹਿਤ ਦੇ ਸਮਕਾਲੀ ਕੌਮਾਂਤਰੀ ਮਾਮਲਿਆਂ ਬਾਰੇ ਵਿਚਾਰ ਵਟਾਂਦਰਾ ਹੋਣ ਦੀ ਉਮੀਦ ਹੈ। 14ਵਾਂ ਭਾਰਤ-ਯੂਰੋਪੀਅਨ ਸੰਘ ਸ਼ਿਖਰ ਸੰਮੇਲਨ 6 ਅਕਤੂਬਰ, 2017 ਨੂੰ ਨਵੀਂ ਦਿੱਲੀ ਵਿੱਚ ਹੋਇਆ ਸੀ।

ਨਵੀਂ ਦਿੱਲੀ

9 ਜੁਲਾਈ, 2020

DISCLAIMER : This is an approximate translation. The original is available in English on MEA’s website and may be referred to as the official press release.